# ਪੇਸ਼ਗੀ ਦੇਖਭਾਲ ਯੋਜਨਾਬੰਦੀ

ਪੇਸ਼ਗੀ ਦੇਖਭਾਲ ਯੋਜਨਾਬੰਦੀ ਅਜਿਹੀ ਪ੍ਰਕਿਰਿਆ ਹੈ, ਜਿਸ ਵਿੱਚ ਵਰਤਮਾਨ ਜਾਂ ਖੁਦ ਲਈ ਫੈਸਲਾ ਕਰਨ ਵਿੱਚ ਅਸਮਰੱਥ ਹੋਣ ਦੀ ਸਥਿਤੀ ਵਿੱਚ ਭਵਿੱਖ ਦੀ ਸਿਹਤ ਸਬੰਧੀ ਦੇਖਭਾਲ ਲਈ ਤੁਹਾਡੀਆਂ ਇੱਛਾਵਾਂ ਜਾਂ ਨਿਰਦੇਸ਼ਾਂ ਬਾਰੇ ਸੋਚਿਆ ਅਤੇ ਲਿਖਿਆ ਜਾਂਦਾ ਹੈ। ਤੁਹਾਡੀ ਪੇਸ਼ਗੀ ਦੇਖਭਾਲ ਯੋਜਨਾ ਵਿੱਚ ਕਈ ਤਰ੍ਹਾਂ ਦੀਆਂ ਸਥਿਤੀਆਂ ਲਈ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ, ਜਿਸ ਵਿੱਚ ਸ਼ਾਮਲ ਹਨ: ਨਿਯਮਿਤ ਸਰਜਰੀ ਦੇ ਦੌਰਾਨ ਅਤੇ ਬਾਅਦ ਵਿੱਚ ਹਸਪਤਾਲ ਵਿੱਚ ਦੇਖਭਾਲ, ਕੋਈ ਦੁਰਘਟਨਾ ਹੋਣ ਦੀ ਸਥਿਤੀ ਵਿੱਚ ਦੇਖਭਾਲ, ਜਾਂ ਮੌਤ ਦੇ ਸਮੇਂ ਫੈਸਲੇ। ਬ੍ਰਿਟਿਸ਼ ਕੋਲੰਬੀਆ ਵਿੱਚ, ਪੇਸ਼ਗੀ ਹਿਦਾਇਤਾਂ (ਐਡਵਾਂਸ ਡਾਇਰੈਕਟਿਵਸ), ਜੋ ਕਨੂੰਨੀ ਦਸਤਾਵੇਜ਼ ਹਨ, ਉਹਨਾਂ ਸਾਰੇ ਸਮਰੱਥ ਬਾਲਗਾਂ ਲਈ ਇੱਕ ਕਨੂੰਨੀ ਵਿਕਲਪ ਹੈ, ਜੋ ਪੇਸ਼ਗੀ ਦੇਖਭਾਲ ਯੋਜਨਾਬੰਦੀ ਕਰਨਾ ਚਾਹੁੰਦੇ ਹਨ। ਬੀ.ਸੀ. ਵਿੱਚ ਇੱਕ ਯੋਜਨਾ ਬਣਾਉਣ ਸ਼ੁਰੂ ਕਰਨ ਲਈ ਸਾਧਨਾਂ ਸਮੇਤ, ਪੇਸ਼ਗੀ ਦੇਖਭਾਲ ਯੋਜਨਾਬੰਦੀ ਬਾਰੇ ਜਾਣਕਾਰੀ ਲਈ, ਹੇਠਾਂ ਦਿੱਤੇ ਲਿੰਕਾਂ ਤੇ ਜਾਓ।

## ਬੀ.ਸੀ. ਵਸੀਲੇ

ਪੇਸ਼ਗੀ ਦੇਖਭਾਲ ਯੋਜਨਾਬੰਦੀ – ਭਵਿੱਖ ਦੇ ਸਿਹਤ ਦੇਖਭਾਲ ਸਬੰਧੀ ਫੈਸਲੇ ਕਰਨਾ

ਵੀਡੀਓ (ਪੰਜਾਬੀ ਅਤੇ ਸਿੰਪਲੀਫਾਈਡ ਚੀਨੀ ਭਾਸ਼ਾਵਾਂ ਵਿੱਚ ਸਬਟਾਈਟਲ ਉਪਲਬਧ ਹਨ), ਬ੍ਰੋਸ਼ਰ, ਤੁਹਾਡੀ ਪੇਸ਼ਗੀ ਦੇਖਭਾਲ ਯੋਜਨਾ ਪੂਰਾ ਕਰਨ ਬਾਰੇ ਸੁਝਾਅ, ਜਾਂ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਸਮੇਤ, ਬ੍ਰਿਟਿਸ਼ ਕੋਲੰਬੀਆ ਵਿੱਚ ਪੇਸ਼ਗੀ ਦੇਖਭਾਲ ਯੋਜਨਾਬੰਦੀ ਬਾਰੇ ਜਾਣਕਾਰੀ ਲਈ, ਹੇਠਾਂ ਦਿੱਤੇ ਲਿੰਕਾਂ ਤੇ ਕਲਿੱਕ ਕਰੋ।

- ਪੇਸ਼ਗੀ ਦੇਖਭਾਲ ਯੋਜਨਾਬੰਦੀ – ਭਵਿੱਖ ਵਿੱਚ ਸਿਹਤ ਸਬੰਧੀ ਦੇਖਭਾਲ ਬਾਰੇ ਫੈਸਲੇ ਲੈਣਾ
    - ਪੇਸ਼ਗੀ ਦੇਖਭਾਲ ਯੋਜਨਾਬੰਦੀ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ (PDF)
    - ਮੇਰੀ ਰਾਏ ਪੇਸ਼ਗੀ ਦੇਖਭਾਲ ਯੋਜਨਾਬੰਦੀ ਗਾਈਡ ਤਤਕਾਲੀ ਸੁਝਾਅ (PDF)
    - ਪੇਸ਼ਗੀ ਦੇਖਭਾਲ ਯੋਜਨਾਬੰਦੀ ਬ੍ਰੋਸ਼ਰ ਨਾਲ ਜਾਣ-ਪਛਾਣ (PDF 1.50 MB)
    - ਆਦੀ-ਵਾਸੀ ਪੇਸ਼ਗੀ ਦੇਖਭਾਲ ਯੋਜਨਾਬੰਦੀ ਬ੍ਰੋਸ਼ਰ (PDF 1.55 MB)

ਘਰ ਵਿੱਚ ਸੰਭਾਵਿਤ/ਯੋਜਨਾਬੱਧ ਮੌਤਾਂ

ਬ੍ਰਿਟਿਸ਼ ਕੋਲੰਬੀਆ ਵਿੱਚ, ਵਿਅਕਤੀਆਂ ਨੂੰ ਘਰ ਵਿੱਚ ਮੌਤ ਹੋਣ ਦੀ ਚੋਣ ਕਰਨ ਦਾ ਹੱਕ ਹੈ। ਇਸ ਬਾਰੇ ਜਾਣਕਾਰੀ ਲਈ ਕਿ ਘਰ ਵਿੱਚ ਸੰਭਾਵਿਤ/ਯੋਜਨਾਬੱਧ ਮੌਤ ਕਿਵੇਂ ਹੋਵੇ, ਹੇਠਾਂ ਦਿੱਤੇ ਲਿੰਕ ਤੇ ਕਲਿੱਕ ਕਰੋ।

- ਘਰ ਵਿੱਚ ਸੰਭਾਵਿਤ/ਯੋਜਨਾਬੱਧ ਮੌਤਾਂ

ਮੇਰੀ ਰਾਏ: ਭਵਿੱਖ ਵਿੱਚ ਸਿਹਤ ਦੇਖਭਾਲ ਇਲਾਜ ਲਈ ਮੇਰੀਆਂ ਇੱਛਾਵਾਂ ਪ੍ਰਗਟ ਕਰਨਾ

ਸਿਹਤ ਮੰਤਰਾਲਾ ਬੀ.ਸੀ. ਵਿੱਚ ਸਾਰੇ ਸਮਰੱਥ ਬਾਲਗਾਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ਪੇਸ਼ਗੀ ਦੇਖਭਾਲ ਯੋਜਨਾਬੰਦੀ ਗਾਈਡ ਵਿੱਚ ਉਪਲਬਧ ਟੂਲਸ ਦੀ ਵਰਤੋਂ ਕਰਦੇ ਹੋਏ ਪੇਸ਼ਗੀ ਦੇਖਭਾਲ ਯੋਜਨਾਬੰਦੀ ਕਰਨ ਅਤੇ ਭਵਿੱਖ ਵਿੱਚ ਸਿਹਤ ਸਬੰਧੀ ਦੇਖਭਾਲ ਲਈ ਆਪਣੀਆਂ ਇੱਛਾਵਾਂ ਅਤੇ ਹਿਦਾਇਤਾਂ ਦੇ ਦਸਤਾਵੇਜ਼ ਤਿਆਰ ਕਰਨ ਲਈ ਹੋਰ ਕਦਮ ਚੁੱਕਣ। ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਲਿੰਕਾਂ ਤੇ ਕਲਿੱਕ ਕਰੋ।

- ਮੇਰੀ ਰਾਏ: ਭਵਿੱਖ ਵਿੱਚ ਸਿਹਤ ਸਬੰਧੀ ਦੇਖਭਾਲ ਇਲਾਜ ਲਈ ਮੇਰੀਆਂ ਇੱਛਾਵਾਂ (PDF 4.05 MB)
    - ਪੰਜਾਬੀ ਸੰਸਕਰਣ (PDF 1.02 MB)
    - ਸਿੰਪਲੀਫਾਈਡ ਚੀਨੀ ਸੰਸਕਰਣ (PDF 1.10 MB)

ਜੇਕਰ ਤੁਸੀਂ ਮੇਰੀ ਰਾਏ: ਭਵਿੱਖ ਵਿੱਚ ਸਿਹਤ ਸਬੰਧੀ ਦੇਖਭਾਲ ਇਲਾਜ ਲਈ ਮੇਰੀ ਇੱਛਾਵਾਂ ਪ੍ਰਗਟ ਕਰਨਾ (My Voice: Expressing My Wishes for Future Health Care Treatment), ਦੀਆਂ ਪ੍ਰਿੰਟਿਡ ਕਾਪੀਆਂ ਲੈਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਔਨਲਾਈਨ ਆਪਣਾ ਆਰਡਰ ਦੇਣ ਲਈ ਕ੍ਰਾਊਨ ਪਬਲੀਕੇਸ਼ਨਸ ਵੈਬਸਾਈਟ ਤੇ ਜਾਓ ਜਾਂ ਸੋਮਵਾਰ ਤੋਂ ਸ਼ੁੱਕਰਵਾਰ ਨੂੰ ਸਵੇਰੇ 8:30 ਵਜੇ ਅਤੇ ਸ਼ਾਮ 4:30 ਦੇ ਵਿਚਕਾਰ 250-387-6409 ਤੇ ਜਾਂ ਟੋਲ-ਫ੍ਰੀ ਨੰਬਰ 1-800-663-6105 ਤੇ ਫੋਨ ਰਾਹੀਂ ਆਰਡਰ ਦਿਓ। ਤੁਸੀਂ ਇੱਕ ਪ੍ਰਿੰਟਿਡ ਕਾਪੀ ਜਾਂ ਇੱਕ ਤੋਂ ਵੱਧ ਕਾਪੀਆਂ ਲਈ ਆਰਡਰ ਦੇ ਸਕਦੇ ਹੋ। ਕਿਰਪਾ ਕਰਕੇ ਧਿਆਨ ਦਿਓ ਕਿ ਤੁਹਾਡੇ ਆਰਡਰ ਤੇ ਭੇਜਣ ਅਤੇ ਪ੍ਰਬੰਧਨ ਦੀ ਫੀਸ ਦੇ ਨਾਲ-ਨਾਲ ਯੋਗ ਟੈਕਸ ਲਾਗੂ ਹੋਣਗੇ।

### ਕੋਈ ਕਾਰਡਿਓਪਲਮਨਰੀ ਰਿਸਸਿਟੇਸ਼ਨ ਨਹੀਂ ਫਾਰਮ (ਕੋਈ CPR ਨਹੀਂ ਫਾਰਮ)

ਬੀ.ਸੀ. ਵਿੱਚ, ਕੋਈ ਕਾਰਡਿਓਪਲਮਨਰੀ ਰਿਸਸਿਟੇਸ਼ਨ ਨਹੀਂ ਫਾਰਮ ਤੁਹਾਨੂੰ ਅਤੇ ਤੁਹਾਡੇ ਚਿਕਿਤਸਕ ਨੂੰ ਇਹ ਹੁਕਮ ਦੇਣ ਦਾ ਕਨੂੰਨੀ ਵਿਕਲਪ ਦਿੰਦਾ ਹੈ ਕਿ ਸਿਹਤ ਦੇਖਭਾਲ ਪ੍ਰਦਾਤਾ ਅਤੇ ਸਭ ਤੋਂ ਪਹਿਲਾਂ ਪ੍ਰਤੀਕਿਰਿਆ ਕਰਨ ਵਾਲਿਆਂ ਵੱਲੋਂ ਕੋਈ CPR ਨਹੀਂ ਦਿੱਤਾ ਜਾਏਗਾ। ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਲਿੰਕ ਤੇ ਕਲਿੱਕ ਕਰੋ।

- ਕੋਈ ਕਾਰਡਿਓਪਲਮਨਰੀ ਰਿਸਸਿਟੇਸ਼ਨ ਨਹੀਂ ਫਾਰਮ

### ਇਲਾਜ ਦੇ ਕਾਰਜ ਖੇਤਰ ਲਈ ਮੈਡੀਕਲ ਆਦੇਸ਼ (ਐਮਓਐਸਟੀ)

ਇਲਾਜ ਦੇ ਕਾਰਜ ਖੇਤਰ ਲਈ ਮੈਡੀਕਲ ਆਦੇਸ਼ (ਐਮਓਐਸਟੀ) ਮੈਡੀਕਲ ਆਦੇਸ਼ ਹੁੰਦੇ ਹਨ। ਉਹ ਤੁਹਾਡੇ ਡਾਕਟਰ ਲਈ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਹੋ ਸਕਣ ਵਾਲੇ ਦੂਸਰੇ ਡਾਕਟਰਾਂ ਅਤੇ ਸਿਹਤ -ਸੰਭਾਲ ਪ੍ਰਦਾਤਾਵਾਂ ਨਾਲ ਤੁਹਾਡੀਆਂ ਇਲਾਜ ਸੰਬੰਧੀ ਇੱਛਾਵਾਂ ਅਤੇ ਫੈਸਲਿਆਂ ਬਾਰੇ ਗੱਲਬਾਤ ਕਰਨ ਦਾ ਇੱਕ ਢੰਗ ਹਨ। ਦੇਖਭਾਲ ਲਈ ਪਹਿਲਾਂ ਦੀ ਯੋਜਨਾਬੰਦੀ ਸੰਬੰਧੀ ਚਰਚਾਵਾਂ ਰਾਹੀਂ, ਤੁਸੀਂ ਅਤੇ ਤੁਹਾਡਾ ਡਾਕਟਰ ਤੁਹਾਡੀਆਂ ਕਦਰਾਂ-ਕੀਮਤਾਂ ਅਤੇ ਇਲਾਜਾਂ ਦੀ ਉਪਲਬਧ ਰੇਂਜ ਦੀ ਪੜਤਾਲ ਕਰਨਗੇ।

ਆਪਣੀ ਹੈਲਥ ਅਥਾਰਿਟੀ ਕੋਲੋਂ ਇਲਾਜ ਦੇ ਕਾਰਜ ਖੇਤਰ ਲਈ ਮੈਡੀਕਲ ਆਦੇਸ਼ਾਂ (ਐਮਓਐਸਟੀ) ਸੰਬੰਧੀ ਜਾਣਕਾਰੀ ਅਤੇ ਸਾਧਨਾਂ ਵਾਸਤੇ, ਹੇਠਾਂ ਦਿੱਤੇ ਲਿੰਕਾਂ ਤੇ ਕਲਿਕ ਕਰੋ।

- ਫਰੇਜ਼ਰ ਹੈਲਥ:ਇਲਾਜ ਦੇ ਕਾਰਜ ਖੇਤਰ ਲਈ ਮੈਡੀਕਲ ਆਦੇਸ਼
- ਇਨਟੀਰੀਅਰ ਹੈਲਥ:ਇਲਾਜ ਦੇ ਕਾਰਜ ਖੇਤਰ ਲਈ ਮੈਡੀਕਲ ਆਦੇਸ਼ (ਐਮਓਐਸਟੀ)
- ਆਈਲੈਂਡ ਹੈਲਥ:ਇਲਾਜ ਦੇ ਕਾਰਜ ਖੇਤਰ ਲਈ ਮੈਡੀਕਲ ਆਦੇਸ਼ (ਐਮਓਐਸਟੀ)
- ਨੋਰਦਰਨ ਹੈਲਥ:ਅਡਵਾਂਸ ਕੇਅਰ ਪਲੈਨਿੰਗ
- ਵੈਨਕੂਵਰ ਕੋਸਟਲ ਹੈਲਥ : ਕਾਰਡੀਓਪਲਮਨਰੀ ਰਿਸਸੀਟੇਸ਼ਨ (ਸੀਪੀਆਰ) ਬਾਰੇ ਹੋਰ ਜਾਣਨਾ

## ਕਨੂੰਨੀ ਜਾਣਕਾਰੀ

ਨਿਆਂ ਮੰਤਰਾਲਾ (Ministry of Justice) ਤੁਹਾਡੀ ਪੇਸ਼ਗੀ ਦੇਖਭਾਲ ਯੋਜਨਾਬੰਦੀ ਲਈ ਵਾਧੂ ਕਨੂੰਨੀ ਜਾਣਕਾਰੀ ਮੁਹੱਈਆ ਕਰਦਾ ਹੈ। ਹੋਰ ਜਾਣਨ ਲਈ, ਹੇਠਾਂ ਦਿੱਤੇ ਲਿੰਕ ਤੇ ਕਲਿੱਕ ਕਰੋ।

- ਅਸਮਰੱਥਾ ਯੋਜਨਾਬੰਦੀ: ਨੁਮਾਇੰਦਗੀ ਇਕਰਾਰਨਾਮੇ ਅਤੇ ਸਥਾਈ ਪਾਵਰ ਆਫ ਅਟਾਰਨੀ

## ਤੁਹਾਡੀ ਸਿਹਤ ਅਥਾੱਰਿਟੀ

ਤੁਹਾਡੀ ਸਿਹਤ ਅਥਾੱਰਿਟੀ ਤੋਂ ਪੇਸ਼ਗੀ ਦੇਖਭਾਲ ਯੋਜਨਾਬੰਦੀ ਬਾਰੇ ਜਾਣਕਾਰੀ ਅਤੇ ਵਸੀਲਿਆਂ ਲਈ, ਹੇਠਾਂ ਦਿੱਤੇ ਲਿੰਕਾਂ ਤੇ ਕਲਿੱਕ ਕਰੋ।

- ਫਸਟ ਨੇਸ਼ਨਸ ਹੈਲਥ ਅਥਾੱਰਿਟੀ: ਬੀਸੀ ਬਜ਼ੁਰਗ ਗਾਈਡ (PDF 1.40 MB)
- ਫਰੇਜਰ ਹੈਲਥ: ਪੇਸ਼ਗੀ ਦੇਖਭਾਲ ਯੋਜਨਾਬੰਦੀ
- ਇੰਟੀਰੀਅਰ ਹੈਲਥ: ਪੇਸ਼ਗੀ ਦੇਖਭਾਲ ਯੋਜਨਾਬੰਦੀ

- ਆਈਲੈਂਡ ਹੈਲਥ: ਪੇਸ਼ਗੀ ਦੇਖਭਾਲ ਯੋਜਨਾਬੰਦੀ
- ਨੌਰਦਰਨ ਹੈਲਥ: ਪੇਸ਼ਗੀ ਦੇਖਭਾਲ ਯੋਜਨਾਬੰਦੀ
- ਵੈਨਕੂਵਰ ਕੋਸਟਲ ਹੈਲਥ: ਪੇਸ਼ਗੀ ਦੇਖਭਾਲ ਯੋਜਨਾਬੰਦੀ

## ਹੋਰ ਜਾਣਕਾਰੀ ਲਈ

ਪੇਸ਼ਗੀ ਦੇਖਭਾਲ ਯੋਜਨਾਬੰਦੀ, ਦੇਖਭਾਲਕਰਤਾ ਸਹਿਯੋਗ, ਮੌਤ ਦੇ ਸਮੇਂ ਦੇਖਭਾਲ ਅਤੇ ਅੰਗ ਦਾਨ ਬਾਰੇ ਆਮ ਜਾਣਕਾਰੀ ਲਈ, ਹੇਠਾਂ ਦਿੱਤੇ ਲਿੰਕਾਂ ਤੇ ਕਲਿੱਕ ਕਰੋ।

### ਪੇਸ਼ਗੀ ਦੇਖਭਾਲ ਯੋਜਨਾਬੰਦੀ

- ਪੇਸ਼ਗੀ ਦੇਖਭਾਲ ਯੋਜਨਾਬੰਦੀ
- ਪੇਸ਼ਗੀ ਦੇਖਭਾਲ ਯੋਜਨਾਬੰਦੀ: ਕੀ ਮੈਨੂੰ ਬਣਾਉਟੀ ਹਾਈਡ੍ਰੇਸ਼ਨ ਅਤੇ ਪੋਸ਼ਣ ਮਿਲੇਗਾ?
- ਪੇਸ਼ਗੀ ਦੇਖਭਾਲ ਯੋਜਨਾਬੰਦੀ: ਕੀ ਮੈਨੂੰ CPR ਅਤੇ ਲਾਈਫ ਸਪੋਰਟ ਮਿਲੇਗਾ?
- ਪੇਸ਼ਗੀ ਦੇਖਭਾਲ ਯੋਜਨਾਬੰਦੀ: ਕੀ ਮੇਰਾ ਗੁਰਦੇ ਦਾ ਡਾਇਲਿਸਿਸ ਬੰਦ ਹੋ ਜਾਏਗਾ?
- ਪੇਸ਼ਗੀ ਦੇਖਭਾਲ ਯੋਜਨਾਬੰਦੀ: ਕੀ ਮੇਰਾ ਉਹ ਇਲਾਜ ਬੰਦ ਹੋ ਜਾਏਗਾ, ਜੋ ਮੇਰੀ ਜ਼ਿੰਦਗੀ ਵਧਾਏਗਾ?
- ਪੇਸ਼ਗੀ ਦੇਖਭਾਲ ਯੋਜਨਾਬੰਦੀ: ਕੀ ਸ਼ਾਮਲ ਕੀਤਾ ਜਾਵੇ
- ਇਵਜੀ ਫੈਸਲਾ ਲੈਣ ਵਾਲੇ ਵਿਅਕਤੀ (SDM) ਨੂੰ ਚੁਣਨਾ

### ਦੇਖਭਾਲਕਰਤਾ ਸਹਿਯੋਗ

- ਦੇਖਭਾਲਕਰਤਾ ਸਹਿਯੋਗ: ਪੇਸ਼ਗੀ ਦੇਖਭਾਲ ਯੋਜਨਾਬੰਦੀ ਬਾਰੇ ਗੱਲ ਕਰਨਾ
- ਦੇਖਭਾਲਕਰਤਾ ਸਬੰਧੀ ਸੁਝਾਅ
- ਤੁਰੰਤ ਸੁਝਾਅ: ਦੇਖਭਾਲ ਕਰਨ ਦੇ ਤਣਾਅ ਨੂੰ ਘੱਟ ਕਰਨਾ

### ਮੌਤ ਦੇ ਸਮੇਂ ਦੇਖਭਾਲ

- ਮੌਤ ਦੇ ਸਮੇਂ ਦੇਖਭਾਲ
- ਹੋਸਪਾਈਸ ਪੈਲਿਏਟਿਵ ਦੇਖਭਾਲ
- ਜ਼ਿੰਦਗੀ ਦੇ ਆਖਰੀ ਦਿਨ (PDQ®): ਸਹਾਇਕ ਦੇਖਭਾਲ – ਰੋਗੀ ਜਾਣਕਾਰੀ

### ਅੰਗ ਦਾਨ

- ਅੰਗ ਟ੍ਰਾਂਸਪਲਾਂਟ
- ਅੰਗ ਦਾਨੀ ਬਣਨ ਦੀ ਯੋਜਨਾਬੰਦੀ

**ਆਖਰੀ ਵਾਰੀ ਅੱਪਡੇਟ ਕੀਤਾ ਗਿਆ: ਮਾਰਚ 2019**